Series SRQPE/C

SET ~ 2

Q.P. Code 42/6/2

Roll No.

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

| ਨੋਟ / NOTE : | |
|---|---|
| (i) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ + **1** ਮਾਨਚਿੱਤਰ ਹਨ । Please check that this question paper contains **6** printed pages + **1** Map. |
| (ii) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । Q.P. Code given on the right hand side of the question paper should be written on the title page of the answer-book by the candidate. |
| (iii) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ । Please check that this question paper contains **13** questions. |
| (iv) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । Please write down the serial number of the question in the answer-book before attempting it.** |
| (v) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

# ਸਮਾਜਿਕ ਵਿਗਿਆਨ

## (ਪੰਜਾਬੀ ਉਲਥਾ)

# SOCIAL SCIENCE

## (Punjabi Version)

*ਸਮਾਂ ਸੀਮਾਂ : 2 ਘੰਟੇ*
*Time allowed : 2 hours*

*ਪੂਰਨ ਅੰਕ : 40*
*Maximum Marks : 40*

***ਵਿਆਪਕ ਨਿਰਦੇਸ਼ :***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i) ਇਹ ਪ੍ਰਸ਼ਨ ਪੱਤਰ **ਪੰਜ** ਖੰਡਾਂ ਵਿਚ ਵੰਡਿਆ ਹੋਇਆ ਹੈ – **ਖੰਡ ਕ, ਖ, ਗ, ਘ** ਅਤੇ **ਙ** । ਇਸ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਸੰਖਿਆ **13** ਹੈ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(ii) **ਖੰਡ ਕ** ਵਿਚ ਪ੍ਰਸ਼ਨ ਸੰਖਿਆ **1** ਤੋਂ **5** ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **2** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **40** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(iii) **ਖੰਡ ਖ** ਵਿਚ ਪ੍ਰਸ਼ਨ ਸੰਖਿਆ **6** ਤੋਂ **8** ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **3** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(iv) **ਖੰਡ ਗ** ਵਿਚ ਪ੍ਰਸ਼ਨ ਸੰਖਿਆ **9** ਅਤੇ **10** ਲੰਬੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **5** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **120** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(v) **ਖੰਡ ਘ** ਵਿਚ ਪ੍ਰਸ਼ਨ ਸੰਖਿਆ **11** ਅਤੇ **12** ਕੇਸ–ਅਧਾਰਿਤ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **4** ਅੰਕ ਦਾ ਹੈ ।*

*(vi) **ਖੰਡ ਙ** ਵਿਚ ਪ੍ਰਸ਼ਨ ਸੰਖਿਆ **13** ਮਾਨਚਿੱਤਰ–ਅਧਾਰਿਤ ਹੈ । ਇਹ ਪ੍ਰਸ਼ਨ **3** ਅੰਕ ਦਾ ਹੈ ਜਿਸਦੇ ਦੋ ਭਾਗ ਹਨ – **13(a)** ਇਤਿਹਾਸ ਤੋਂ **(1** ਅੰਕ**)** ਅਤੇ **13(b)** ਭੂਗੋਲ ਤੋਂ **(2** ਅੰਕ**)** ।*

*(vii) ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ, ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਅਜੇਹੇ ਪ੍ਰਸ਼ਨਾਂ ਵਿਚੋਂ **ਕੇਵਲ ਇਕ ਹੀ ਵਿਕਲਪ ਦਾ ਉੱਤਰ** ਲਿਖੋ ।*

*(viii) **ਮਾਨਚਿੱਤਰ** ਨੂੰ ਆਪਣੀ ਉੱਤਰ ਪੁਸਤਕ ਦੇ ਨਾਲ ਨੱਥੀ ਕਰੋ ।*

## ਖੰਡ ਕ

### (ਬਹੁਤ ਛੋਟੇ ਉੱਤਰ ਪ੍ਰਸ਼ਨ) *(5×2=10)*

**1.** ਮਹਾਤਮਾ ਗਾਂਧੀ ਨੇ ‘ਨਿਮਰਤਾ ਸਹਿਤ (ਸਿਵਿਲ) ਨਾ ਫਰਮਾਨੀ (ਅਵਗਿਆ) ਅੰਦੋਲਨ’ ਨੂੰ 1931 ਵਿਚ ਵਾਪਿਸ ਲੈਣ ਦਾ ਫੈਸਲਾ ਕਿਉ ਕੀਤਾ ? *2*

**2.** ‘‘ਲੋਕਤੰਤਰੀ ਵਿਵਸਥਾਵਾਂ ਰਾਜਨੀਤਕ ਬਰਾਬਰੀ ਤੇ ਆਧਾਰਿਤ ਹਨ ।’’ ਇਸ ਕਥਨ ਦੀ ਪਰਖ ਕਰੋ । *2*

3. ਭਾਰਤੀ ਅਰਥਵਿਵਸਥਾ ਵਿਚ ਵਸਤਰ ਉਦਯੋਗ, ਖਾਸ ਥਾਂ ਕਿਉਂ ਰਖਦਾ ਹੈ ? *2*

4. ਖਰੀਦਦਾਰਿਆਂ ਮੁਦਰਾ ਦੇ ਮਾਧਿਅਮ ਤੋਂ ਕਿਉਂ ਕੀ ਜਾਂਦੀ ਹੈ ? ਸਪਸ਼ਟ ਕਰੋ । *2*

5. ਭਾਰਤ ਵਿਚ ਸੀਮਾਵਾਂ ਤੇ ਬਣੀਆਂ ਸੜਕਾਂ ਦੀ ਮਹਤਤਾ ਦਾ ਵਰਣਨ ਕਰੋ । *2*

## ਖੰਡ ਖ

## (ਛੋਟੇ ਉੱਤਰ ਪ੍ਰਸ਼ਨ) *(3×3=9)*

6. ਗਰੀਬ ਪਰਿਵਾਰ ਉਧਾਰ ਦੇ ਲਈ ਅਨਓਪਚਾਰਿਕ ਸਰੋਤਾਂ ਉਪਰ ਨਿਰਭਰ ਕਿਉਂ ਹਨ ? ਸਪਸ਼ਟ ਕਰੋ । *3*

7. "ਲੋਕਤੰਤਰੀ ਸ਼ਾਸਨ ਵਿਵਸਥਾ ਇਕ ਜੁੰਮੇਵਾਰ ਸ਼ਾਸਨ ਵਿਵਸਥਾ ਹੈ ।" ਇਸ ਕਥਨ ਦੀ ਪ੍ਰੋੜਤਾ ਕਰੋ । *3*

8. (a) ਨਾ ਮਿਲਵਰਤਣ (ਅਸਹਿਯੋਗ) ਦਾ ਵਿਚਾਰ ਅੰਦੋਲਨ ਕਿਵੇਂ ਬਣਿਆ ? ਸਪਸ਼ਟ ਕਰੋ । *3*

**ਜਾਂ**

(b) ਨਾ ਮਿਲਵਰਤਣ (ਅਸਹਿਯੋਗ) ਅੰਦੋਲਨ ਪੇਂਡੂ ਖੇਤਰਾਂ ਵਿਚ ਕਿਵੇਂ ਫੈਲਿਆ ? ਸਪਸ਼ਟ ਕਰੋ । *3*

## ਖੰਡ ਗ

## (ਲੰਬੇ ਉੱਤਰ ਪ੍ਰਸ਼ਨ) *(2×5=10)*

9. (a) ਭਾਰਤ ਵਿਚ ਰਾਜਨੀਤਕ ਦਲਾਂ ਦੇ ਸਾਹਮਣੇ ਮੁੱਖ ਚੁਣੌਤੀਆਂ ਦਾ ਵਿਸ਼ਲੇਸ਼ਣ ਕਰੋ । *5*

**ਜਾਂ**

(b) ਭਾਰਤ ਵਿਚ ਰਾਜਨੀਤਕ ਦਲਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ । *5*

10. (a) "ਵਿਸ਼ਵੀਕਰਨ ਦੇ ਕੁਝ ਸਕਾਰਾਤਮਕ ਅਤੇ ਕੁਝ ਨਕਾਰਾਤਮਕ ਪ੍ਰਭਾਵ ਹਨ ।" ਕਥਨ ਦੀ ਪਰਖ ਕਰੋ । *5*

**ਜਾਂ**

(b) "ਨਿਆਂਸੰਗਤ ਵਿਸ਼ਵੀਕਰਨ ਸਭਨਾ ਦੇ ਲਈ ਅਵਸਰ ਪ੍ਰਦਾਨ ਕਰੇਗਾ ।" ਇਸ ਕਥਨ ਦੀ ਪਰਖ ਕਰੋ । *5*

## ਖੰਡ ਘ

## (ਕੇਸ–ਅਧਾਰਿਤ ਪ੍ਰਸ਼ਨ)

*(2×4=8)*

**11.** ਹੇਠ ਦਿੱਤੇ ਗਏ ਕੇਸ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *4*

**ਰਾਸ਼ਟਰੀ ਤਾਪ ਬਿਜਲੀਘਰ ਕਾਰਪੋਰੇਸ਼ਨ (NTPC) ਰਾਹੀਂ ਦਿਖਾਇਆ ਗਿਆ ਰਾਹ**

ਭਾਰਤ ਵਿਚ ਰਾਸ਼ਟਰੀ ਤਾਪ ਬਿਜਲੀਘਰ ਕਾਰਪੋਰੇਸ਼ਨ ਬਿਜਲੀ ਪ੍ਰਦਾਨ ਕਰਨ ਵਾਲੀ ਮੁੱਖ ਨਿਗਮ ਹੈ । ਇਸਦੇ ਕੋਲ ਵਾਤਾਵਰਨ ਪ੍ਰਬੰਧਨ ਸਿਸਟਮ (EMS) 14001 ਦੇ ਲਈ ਆਈ.ਐਸ.ਓ. (ISO) ਪ੍ਰਮਾਣ ਪਤਰ ਹੈ । ਇਹ ਨਿਗਮ ਕੁਦਰਤੀ ਵਾਤਾਵਰਨ ਅਤੇ ਸੰਸਾਧਨ ਜਿਵੇਂ ਕਿ ਪਾਣੀ, ਖਣਿਜ ਤੇਲ, ਗੈਸ ਅਤੇ ਈਂਧਨਾਂ ਦੀ ਸੁਰਖਿਅਣ ਨੀਤੀ ਦਾ ਹਿਮਾਇਤੀ ਹੈ ਅਤੇ ਇਨ੍ਹਾਂ ਨੂੰ ਧਿਆਨ ਵਿਚ ਰਖਦੇ ਹੋਏ ਹੀ ਬਿਜਲੀ ਦੇ ਕਾਰਖਾਨਿਆਂ ਦੀ ਸਥਾਪਨਾ ਕਰਦਾ ਹੈ । ਅਜੇਹਾ ਹੇਠ ਲਿਖੇ ਉਪਾਵਾਂ ਨਾਲ ਸੰਭਵ ਹੈ –

(a) ਆਧੁਨਿਕ ਤਕਨੀਕਾਂ ਤੇ ਅਧਾਰਤ ਉਪਕਰਣਾਂ ਦੀ ਸਹੀ ਵਰਤੋਂ ਅਤੇ ਅਜੋਕੇ ਉਪਕਰਣਾਂ ਦੀ ਸੰਪੂਰਨ ਵਰਤੋਂ ।

(b) ਵਧ ਤੋਂ ਵਧ ਸਵਾਹ (ਰਾਖ) ਦੀ ਵਰਤੋਂ ਕਰਕੇ ਵਾਧੂ ਪਦਾਰਥ ਦੀ ਘਟੋਂ ਘਟ ਉਤਪਾਦਨ ।

(c) ਪਰਿਆਵਰਨਕ ਸੰਤੁਲਨ ਬਣਾਈ ਰਖਣ ਦੇ ਲਈ ਹਰਿਆਲੀ ਖੇਤਰ ਦੀ ਸੁਰਖਿਆ ਅਤੇ ਵਧ ਤੋਂ ਵਧ ਦਰਖਤ ਲਗਾਣ ਦੇ ਲਈ ਉਪਰਾਲੇ ਕਰਨਾ ।

(11.1) ਭਾਰਤ ਵਿਚ ਬਿਜਲੀ ਦੀ ਪੂਰਤੀ ਕਰਨ ਵਾਲਾ ਪ੍ਰਮੁਖ ਨਿਗਮ ਕਿਹੜਾ ਹੈ ? *1*

(11.2) ਉਸ ਸੰਸਥਾਨ ਦਾ ਨਾਮ ਲਿਖੋ ਜਿਹੜਾ ਵਾਤਾਵਰਨ ਪ੍ਰਬੰਧਨ ਤੰਤਰ ਦੇ ਲਈ ਆਈ.ਐਸ.ਓ. ਪ੍ਰਮਾਣ ਪਤਰ ਜਾਰੀ ਕਰਦਾ ਹੈ । *1*

(11.3) ਕੁਦਰਤੀ ਵਾਤਾਵਰਨ ਦੇ ਸੁਰਿਖਅਣ ਦੇ ਲਈ ਰਾਸ਼ਟਰੀ ਤਾਪ ਬਿਜਲੀਘਰ ਨਿਗਮ ਰਾਹੀਂ ਵਰਤੋਂ ਵਿਚ ਲਿਆਂਦੀ ਗਈ ਨੀਤੀ ਨੂੰ ਸਪਸ਼ਟ ਕਰੋ । *2*

12. ਹੇਠ ਦਿੱਤੇ ਗਏ ਕੇਸ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *4*

**ਆਜ਼ਾਦੀ ਦਿਹਾੜੇ ਦੀ ਸੌਂਹ, 26 ਜਨਵਰੀ, 1930**

'ਸਾਡਾ ਯਕੀਨ ਹੈ ਕਿ ਕਿਸੇ ਵੀ ਸਮਾਜ ਦੀ ਤਰਾਂ ਭਾਰਤੀ ਜਨਤਾ ਦਾ ਵੀ ਇਹ ਇਕ ਨਾ ਹਸਤਾਂਤਰਨ ਯੋਗ (inalienable) ਅਧਿਕਾਰ ਹੈ ਕਿ ਉਨ੍ਹਾਂ ਨੂੰ ਆਜ਼ਾਦੀ ਮਿਲੇ, ਆਪਣੀ ਮਿਹਨਤ ਦਾ ਫਲ ਮਿਲੇ, ਅਤੇ ਜੀਵਨ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੋਣ ਜਿਸ ਨਾਲ ਉਨ੍ਹਾਂ ਨੂੰ ਅੱਗੇ ਵੱਧਣ ਦੇ ਭਰਪੂਰ ਮੌਕੇ ਮਿਲਣ । ਸਾਡਾ ਇਹ ਵੀ ਯਕੀਨ ਹੈ ਕਿ ਜੇਕਰ ਕੋਈ ਵੀ ਸਰਕਾਰ ਆਪਣੀ ਜਨਤਾ ਨੂੰ ਇਨ੍ਹਾਂ ਅਧਿਕਾਰਾਂ ਤੋਂ ਵਾਂਝਾ ਰਖਦੀ ਹੈ ਅਤੇ ਦਬਾਂਦੀ ਹੈ, ਤਾਂ ਜਨਤਾ ਨੂੰ ਵੀ ਸਰਕਾਰ ਨੂੰ ਬਦਲਣ ਦਾ ਜਾਂ ਉਸਨੂੰ ਜੜ੍ਹਾਂ ਸਮੇਤ ਉਖਾੜਨ ਦਾ ਅਧਿਕਾਰ ਹੈ । ਭਾਰਤ ਵਿਚ ਬ੍ਰਤਾਨਵੀ ਸਰਕਾਰ ਨੇ ਨਾ ਸਿਰਫ ਭਾਰਤੀ ਜਨਤਾ ਨੂੰ ਆਜ਼ਾਦੀ ਤੋਂ ਵਾਂਝਿਆਂ ਰਖਿਆ ਬਲਕਿ ਉਸਨੇ ਜਨਤਾ ਦਾ ਸ਼ੋਸ਼ਣ ਵੀ ਕੀਤਾ ਹੈ ਅਤੇ ਭਾਰਤ ਨੂੰ ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਅਧਿਆਤਮਕ ਸਤਰ ਤੇ ਨਾਸ਼ ਕਰ ਦਿਤਾ ਹੈ । ਇਸ ਲਈ ਸਾਡਾ ਯਕੀਨ ਹੈ ਕਿ ਭਾਰਤ ਨੂੰ ਜ਼ਰੂਰੀ ਤੋਰ ਤੇ ਬ੍ਰਿਟੇਨ ਦੇ ਨਾਲ ਆਪਣੇ ਸਾਰੇ ਸੰਬੰਧਾਂ ਨੂੰ ਖਤਮ ਕਰਕੇ ਪੂਰਨ ਸਵਰਾਜ ਪ੍ਰਾਪਤ ਕਰਨਾ ਚਾਹੀਦਾ ਹੈ ।'

(12.1) ਕਿਸ ਨੂੰ ਇਕ ਨਾ ਹਸਤਾਂਤਰਨ ਯੋਗ ਅਧਿਕਾਰ ਸਮਝਿਆ ਗਿਆ ਹੈ ? *1*

(12.2) ਭਾਰਤੀਆਂ ਨੇ 'ਪੂਰਨ ਸਵਰਾਜ' ਦੀ ਮੰਗ ਕਿਉਂ ਕੀਤੀ ਹੈ ? *1*

(12.3) ਇਸ ਸਰੋਤ ਦੇ ਸੰਦਰਭ ਵਿਚ ਬ੍ਰਿਟਿਸ਼ ਸਰਕਾਰ ਦੇ ਪ੍ਰਤੀ ਭਾਰਤੀਆਂ ਦੇ ਵਿਚਾਰਾਂ ਦੀ ਪਰਖ ਕਰੋ । *2*

## ਖੰਡ ਙ

## (ਮਾਨਚਿੱਤਰ–ਅਧਾਰਿਤ ਪ੍ਰਸ਼ਨ) *(1+2=3)*

**13.** (i) ਦਿਤੇ ਗਏ **ਭਾਰਤ** ਦੇ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 7 ਤੇ) ਉਪਰ ਹੇਠ ਲਿਖੀ ਜਾਣਕਾਰੀ ਦੀ ਮਦਦ ਨਾਲ 'A' ਦੇ ਰੂਪ ਵਿਚ ਨਿਸ਼ਾਨ ਲਗਾਏ ਗਏ ਸਥਾਨ ਦੀ ਪਛਾਣ ਕਰੋ ਅਤੇ ਉਸ ਦੇ ਨਜ਼ਦੀਕ ਖਿਚੀ ਲਕੀਰ (ਰੇਖਾ) ਉਪਰ ਉਸਦਾ ਸਹੀ ਨਾਮ ਲਿਖੋ ।

A. ਉਹ ਸਥਾਨ ਜਿਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ 1927 ਵਿਚ ਹੋਇਆ ਸੀ । *1*

(ii) ਦਿਤੇ ਗਏ **ਭਾਰਤ** ਦੇ ਇਸ ਹੀ ਰੇਖਾ ਮਾਨਚਿੱਤਰ ਤੇ ਹੇਠ ਲਿਖਿਆਂ ਨੂੰ ਅੰਕਿਤ ਕਰੋ ਅਤੇ ਉਸਦਾ ਨਾਮ ਲਿਖੋ :

(a) (I) ਨੋਇਡਾ – ਸਾਫਟਵੇਯਰ ਟੇਕਨੋਲੋਜੀ ਪਾਰਕ *1*

**ਜਾਂ**

(II) ਪੁਣੇ – ਸਾਫਟਵੇਯਰ ਟੇਕਨੋਲੋਜੀ ਪਾਰਕ *1*

(b) ਪਾਰਾਦੀਪ – ਪ੍ਰਮੁਖ ਸਮੁੰਦਰੀ ਬੰਦਰਗਾਹ *1*

**ਨੋਟ:** *ਹੇਠ ਲਿਖੇ ਪ੍ਰਸ਼ਨ ਸਿਰਫ **ਦਰਿਸ਼ਟੀਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 13 ਦੇ ਥਾਂ ਬਦਲਵੇਂ ਪ੍ਰਸ਼ਨ ਹਨ ।* *3×1=3*

(13.1) ਉਸ ਨਗਰ ਦਾ ਨਾਮ ਲਿਖੋ ਜਿਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ 1927 ਵਿਚ ਹੋਇਆ ਸੀ । *1*

(13.2) (a) ਉਸ ਰਾਜ ਦਾ ਨਾਮ ਲਿਖੋ ਜਿੱਥੇ ਨੋਇਡਾ ਸਾਫਟਵੇਯਰ ਟੇਕਨੋਲੋਜੀ ਪਾਰਕ ਸਥਿਤ ਹੈ । *1*

**ਜਾਂ**

(b) ਉਸ ਰਾਜ ਦਾ ਨਾਮ ਲਿਖੋ ਜਿੱਥੇ ਪੁਣੇ ਸਾਫਟਵੇਯਰ ਟੇਕਨੋਲੋਜੀ ਪਾਰਕ ਸਥਿਤ ਹੈ । *1*

(13.3) ਕਿਸ ਰਾਜ ਵਿਚ ਪਾਰਾਦੀਪ ਸਮੁੰਦਰੀ ਬੰਦਰਗਾਹ ਸਥਿਤ ਹੈ ? *1*

ਪ੍ਰਸ਼ਨ ਸੰ. 13 ਦੇ ਲਈ



ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)
Outline Map of India (Political)
A
km
Scale 1:15000,000
km
100 50 0
100 200 300 400 500